ੴ ਵਾਹਿਗੁਰੂ ਜੀ ਕੀ ਫਤਹਿ।।

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ।।

ੴ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਬੰਧੀ ਜਾਣਕਾਰੀ


ਲੇਖਕ: ਭਾਈ ਹਰਵੀਰ ਸਿੰਘ

ਵਾਇਸ ਪ੍ਰਿੰਸੀਪਲ, ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ

ਸੰਪਾਦਕ: ਪ੍ਰਿੰ. ਨਰਿੰਦਰ ਬੀਰ ਸਿੰਘ

ਪ੍ਰਿੰਸੀਪਲ, ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ



## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

www.gurmatparsar.com

# ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥

ਬਿਨਾ ਕਿਸੇ ਭੇਦ-ਭਾਵ, ਊਚ-ਨੀਚ ਜਾਤਿ-ਪਾਤਿ ਦੇ ਪ੍ਰਭੂ ਪ੍ਰਮਾਤਮਾ ਵਿਚ ਲੀਨ
ਹੇਠ ਲਿਖੀਆਂ ਪਵਿਤਰ ਰੂਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਰਾਜਮਾਨ ਹੈ।

ਸ੍ਰੀ ਗੁਰੂ ਅਮਰਦਾਸ ਜੀ
ਰਾਗ-17
ਸ਼ਬਦ-869

ਸ੍ਰੀ ਗੁਰੂ ਰਾਮਦਾਸ ਜੀ
ਰਾਗ-30
ਸ਼ਬਦ-638

ਸ੍ਰੀ ਗੁਰੂ ਅੰਗਦ ਦੇਵ ਜੀ
ਰਾਗ-0
ਸਲੋਕ-63

ਸ੍ਰੀ ਗੁਰੂ ਅਰਜਨ ਦੇਵ ਜੀ
ਰਾਗ-30
ਸ਼ਬਦ-2312

ਸ੍ਰੀ ਗੁਰੂ ਨਾਨਕ ਦੇਵ ਜੀ
ਰਾਗ-19
ਸ਼ਬਦ-974

ਬਾਬਾ ਸੁੰਦਰ ਜੀ
ਰਾਮਕਲੀ ਸਦੁ

ੴ

ਭਾਈ ਸੱਤਾ ਜੀ
ਭਾਈ ਬਲਵੰਡ ਜੀ
ਰਾਮਕਲੀ ਕੀ ਵਾਰ

ਸ੍ਰੀ ਗੁਰੂ ਤੇਗ ਬਹਾਦਰ ਜੀ
ਰਾਗ-15
ਸ਼ਬਦ/ਸਲੋਕ-116

ਭੱਟ ਕਲਸਹਾਰ ਜੀ
ਸਵਯੇ-54

ਭੱਟ ਗਯੰਦ ਜੀ
ਸਵਯੇ-13

ਭੱਟ ਭਿੱਖਾ ਜੀ
ਸਵਯੇ-2

ਭੱਟ ਕੀਰਤ ਜੀ
ਸਵਯੇ-8

ਭੱਟ ਮਥੁਰਾ ਜੀ
ਸਵਯੇ-14

ਭੱਟ ਜਲਪ ਜੀ
ਸਵਯੇ-5

ਭੱਟ ਸੱਲ੍ਹ ਜੀ
ਸਵਯੇ-3

ਭੱਟ ਭੱਲ੍ਹ ਜੀ
ਸਵਯੇ-1

ਭੱਟ ਬਲ੍ਹ ਜੀ
ਸਵਯੇ-5

ਭੱਟ ਹਰਿਬੰਸ ਜੀ
ਸਵਯੇ-2

ਭੱਟ ਨਲ੍ਹ ਜੀ
ਸਵਯੇ-16

ਭਗਤ ਕਬੀਰ ਜੀ
ਰਾਗ-16
ਸ਼ਬਦ-532

ਭਗਤ ਰਵਿਦਾਸ ਜੀ
ਰਾਗ-16
ਸ਼ਬਦ-40

ਭਗਤ ਨਾਮਦੇਵ ਜੀ
ਰਾਗ-18
ਸ਼ਬਦ-61

ਭਗਤ ਫਰੀਦ ਜੀ
ਰਾਗ-2
ਸ਼ਬਦ/ਸ਼ਲੋਕ-116

ਭਗਤ ਤ੍ਰਿਲੋਚਨ ਜੀ
ਰਾਗ-3
ਸ਼ਬਦ-4

ਭਗਤ ਧੰਨਾ ਜੀ
ਰਾਗ-2
ਸ਼ਬਦ-3

ਭਗਤ ਬੈਣੀ ਜੀ
ਰਾਗ-3
ਸ਼ਬਦ-3

ਭਗਤ ਭੀਖਨ ਜੀ
ਰਾਗ-1
ਸ਼ਬਦ-2

ਭਗਤ ਜੈਦੇਵ ਜੀ
ਰਾਗ-2
ਸ਼ਬਦ-2

ਭਗਤ ਸੂਰਦਾਸ ਜੀ
1 ਪੰਕਤੀ

ਭਗਤ ਸਧਨਾ ਜੀ
ਰਾਗ-1
ਸ਼ਬਦ-1

ਭਗਤ ਸੈਣ ਜੀ
ਰਾਗ-1
ਸ਼ਬਦ-1

ਭਗਤ ਪਰਮਾਨੰਦ ਜੀ
ਰਾਗ-1
ਸ਼ਬਦ-1

ਭਗਤ ਪੀਪਾ ਜੀ
ਰਾਗ-1
ਸ਼ਬਦ-1

ਭਗਤ ਰਾਮਾਨੰਦ ਜੀ
ਰਾਗ-1
ਸ਼ਬਦ-1

ੴ ਵਾਹਿਗੁਰੂ ਜੀ ਕੀ ਫਤਹਿ।।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਬੰਧੀ ਜਾਣਕਾਰੀ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਨ 1604 ਈਸਵੀ ਵਿੱਚ ਰਾਮਸਰ ਸਰੋਵਰ ਦੇ ਕੰਢੇ, ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਸੰਪਾਦਨਾ ਸੰਪੂਰਨ ਕਰਵਾਈ। ਲਿਖਣ ਦੀ ਸੇਵਾ ਭਾਈ ਗੁਰਦਾਸ ਜੀ ਤੋਂ ਲਈ ਗਈ, ਜਿਲਦ ਬੰਨਵਾਉਣ ਦੀ ਸੇਵਾ ਭਾਈ ਬੰਨੋ ਜੀ ਨੇ ਕੀਤੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਮਿੰਦਰ ਸਾਹਿਬ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਹੋਇਆ। ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਸਨ। ਪਹਿਲਾ ਪਾਵਨ ਮੁੱਖ ਵਾਕ ਇਹ ਆਇਆ ਸੀ

ਸੂਹੀ ਮਹਲਾ ੫॥

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥

ਅੰਗ ੭੮੪

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੂਜੀ ਵਾਰ ਸੰਪਾਦਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਬੋ ਕੀ ਤਲਵੰਡੀ (ਅੱਜ ਤਖਤ ਸ੍ਰੀ ਦਮਦਮਾ ਸਾਹਿਬ, ਬਠਿੰਡਾ) ਦੇ ਸਥਾਨ ਤੇ ਕਰਵਾਈ ਸੀ। ਦਮਦਮਾ ਸਾਹਿਬ ਵਿਖੇ ਸੰਪਾਦਨਾ ਹੋਣ ਕਾਰਨ ਇਹ ਦਮਦਮੀ ਬੀੜ ਦੇ ਨਾਮ ਨਾਲ ਪ੍ਰਸਿੱਧ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗੱਦੀ 1708 ਈ: ਨੂੰ (ਤਖਤ ਸ੍ਰੀ ਹਜੂਰ ਸਾਹਿਬ ) ਨਾਂਦੇੜ– ਮਹਾਰਾਸ਼ਟਰ ਵਿਖੇ ਦਿੱਤੀ ਸੀ ਉਪ੍ਰੰਤ ਪਹਿਲਾ ਪਾਵਨ ਮੁੱਖ ਵਾਕ ਇਹ ਆਇਆ ਸੀ।

ਮਾਰੂ ਮਹਲਾ ੫ ॥

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥

ਅੰਗ ੧੦੦੦

ਅੱਜ ਸਿੱਖਾਂ ਦੇ ਗੁਰੂ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਪਾਵਨ ਅੰਗ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀਆਂ ਨੂੰ ਤਿੰਨ ਭਾਗਾਂ ਵਿੱਚ ਵੰਡਿਆਂ ਗਿਆ ਹੈ ।

ਪਹਿਲਾ ਭਾਗ 1 ਤੋਂ 13 ਅੰਗਾਂ ਤੱਕ ਹੈ ਜਿਸ ਵਿੱਚ ਜਪੁ, ਸੋਦਰੁ, ਸੋ ਪੁਰਖੁ ਤੇ ਸੋਹਿਲਾ ਬਾਣੀਆਂ ਹਨ ।

ਦੂਜਾ ਭਾਗ 14 ਤੋਂ 1352 ਅੰਗਾਂ ਤੱਕ ਹੈ ਜਿਸ ਵਿੱਚ ਰਾਗ ਬੱਧ ਬਾਣੀਆਂ ਹਨ ।

ਤੀਜਾ ਭਾਗ 1353 ਤੋਂ 1430 ਅੰਗਾਂ ਤੱਕ ਹੈ ਜਿਸ ਵਿੱਚ ਰਾਗ ਰਹਿਤ ਬਾਣੀਆਂ ਹਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ੩੧ ਰਾਗ ।

| | | | |
|---|---|---|---|
| 1. ਸਿਰੀ ਰਾਗੁ | 14-93 | 16. ਰਾਗੁ ਬਿਲਾਵਲ | 795-858 |
| 2. ਰਾਗੁ ਮਾਝ | 94-150 | 17. ਰਾਗੁ ਗੋਂਡ | 859-875 |
| 3. ਰਾਗੁ ਗਉੜੀ | 151-346 | 18. ਰਾਗੁ ਰਾਮਕਲੀ | 876-974 |
| 4. ਰਾਗੁ ਆਸਾ | 347-488 | 19. ਰਾਗੁ ਨਟ ਨਰਾਇਣ | 975-983 |
| 5. ਰਾਗੁ ਗੂਜਰੀ | 489-526 | 20. ਰਾਗੁ ਮਾਲੀ ਗਉੜਾ | 984-988 |
| 6. ਰਾਗੁ ਦੇਵਗੰਧਾਰੀ | 527-536 | 21. ਰਾਗੁ ਮਾਰੂ | 989-1106 |
| 7. ਰਾਗੁ ਬਿਹਾਗੜਾ | 537-556 | 22. ਰਾਗੁ ਤੁਖਾਰੀ | 1107-1117 |
| 8. ਰਾਗੁ ਵਡਹੰਸ | 557-594 | 23. ਰਾਗੁ ਕੇਦਾਰਾ | 1118-1124 |
| 9. ਰਾਗੁ ਸੋਰਠਿ | 595-659 | 24. ਰਾਗੁ ਭੈਰਉ | 1125-1167 |
| 10. ਰਾਗੁ ਧਨਾਸਰੀ | 660-695 | 25. ਰਾਗੁ ਬਸੰਤੁ | 1168-1196 |
| 11. ਰਾਗੁ ਜੈਤਸਰੀ | 696-710 | 26. ਰਾਗੁ ਸਾਰੰਗ | 1197-1253 |
| 12. ਰਾਗੁ ਟੋਡੀ | 711-718 | 27. ਰਾਗੁ ਮਲਾਰ | 1254-1293 |
| 13. ਰਾਗੁ ਬੈਰਾੜੀ | 719-720 | 28. ਰਾਗੁ ਕਾਨੜਾ | 1294-1318 |
| 14. ਰਾਗੁ ਤਿਲੰਗ | 721-727 | 29. ਰਾਗੁ ਕਲਿਆਨ | 1319-1326 |
| 15. ਰਾਗੁ ਸੂਹੀ | 728-794 | 30. ਰਾਗੁ ਪ੍ਰਭਾਤੀ | 1327-1351 |
| | | 31. ਰਾਗੁ ਜੈਜਾਵੰਤੀ | 1352-1353 |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਕਾਰ ਦੇ ਪੱਖ ਤੋਂ ਸਭ ਤੋਂ ਵੱਡਾ ਰਾਗੁ ਗਾਉੜੀ ਹੈ। ਜੋ 151 ਅੰਗ ਤੋ 346 ਅੰਗ ਤੇ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਕਾਰ ਦੇ ਪੱਖ ਤੋਂ ਸਭ ਤੋਂ ਛੋਟਾ ਰਾਗੁ ਜੈਜਾਵੰਤੀ ਹੈ। ਜੋ 1352 ਅੰਗ ਤੋ 1353 ਅੰਗ ਤੇ ਹੈ। ਜੈਜਾਵੰਤੀ ਰਾਗ ਵਿੱਚ ਸਿਰਫ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੂਲ ਮੰਤ੍ਰ ਦੇ ਹੇਠ ਲਿਖੇ ਸਰੂਪਾਂ ਦੇ ਦਰਸ਼ਨ ਹੁੰਦੇ ਹਨ ।

੧. ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ (੩੩ ਵਾਰੀ)

੨. ੴ ਸਤਿ ਨਾਮੁ ਗੁਰ ਪ੍ਰਸਾਦਿ ॥ (੨ ਵਾਰੀ)

੩. ੴ ਸਤਿਗੁਰ ਪ੍ਰਸਾਦਿ ॥ (੫੨੨ ਵਾਰੀ)

੪. ੴ ਸਤਿ ਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥ (੯ ਵਾਰੀ)

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਪ੍ਰਮੁੱਖ ਬਾਣੀਆਂ

'ਜਪੁ' ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪਾਵਨ ਅੰਗ ਤੋ ਅਰੰਭ ਹੁੰਦੀ ਹੈ।ਸ੍ਰੀ ਗੁਰੁ ਨਾਨਕ ਦੇਵ ਜੀ ਦੀ ਰਚਨਾ ਹੈ

'ਸੋ ਦਰੁ' ਬਾਣੀ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ੮ ਤੋ ਅਰੰਭ ਹੁੰਦੀ ਹੈ ਜਿਸ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਰਾਮ ਦਾਸ ਜੀ ,ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਦਰਜ਼ ਹਨ ।

'ਸੋ ਪੁਰਖ' ਬਾਣੀ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ੧੦ ਤੋ ਅਰੰਭ ਹੁੰਦੀ ਹੈ ਜਿਸ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਰਾਮ ਦਾਸ ਜੀ , ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਦਰਜ਼ ਹਨ ।

'ਸੋਹਿਲਾ' ਬਾਣੀ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ੧੨ ਤੋ ਅਰੰਭ ਹੁੰਦੀ ਹੈ ਜਿਸ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਰਾਮ ਦਾਸ ਜੀ , ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਦਰਜ਼ ਹਨ ।

| | | |
|---|---|---|
| 'ਬਾਰਹ ਮਾਹਾ' (ਰਾਗ ਮਾਂਝ) | ਸ੍ਰੀ ਗੁਰੂ ਅਰਜਨ ਦੇਵ ਜੀ | ਪਾਵਨ ਅੰਗ ੧੩੩ |
| 'ਬਾਰਹ ਮਾਹਾ' (ਰਾਗ ਤੁਖਾਰੀ) | ਸ੍ਰੀ ਗੁਰੂ ਨਾਨਕ ਦੇਵ ਜੀ | ਪਾਵਨ ਅੰਗ ੧੧੦੭ |
| 'ਰੁਤੀ'(ਰਾਗ ਰਾਮਕਲੀ) | ਸ੍ਰੀ ਗੁਰੂ ਅਰਜਨ ਦੇਵ ਜੀ | ਪਾਵਨ ਅੰਗ ੯੨੭ |
| 'ਥਿਤੀ ' (ਰਾਗ ਗਉੜੀ) | ਸ੍ਰੀ ਗੁਰੂ ਅਰਜਨ ਦੇਵ ਜੀ | ਪਾਵਨ ਅੰਗ ੨੯੬ |
| 'ਥਿਤੀ' (ਰਾਗੁ ਬਿਲਾਵਲੁ ) | ਸ੍ਰੀ ਗੁਰੂ ਨਾਨਕ ਦੇਵ ਜੀ | ਪਾਵਨ ਅੰਗ ੮੩੮ |
| 'ਥਿਤੀ' (ਰਾਗ ਗਉੜੀ) | ਭਗਤ ਕਬੀਰ ਜੀ | ਪਾਵਨ ਅੰਗ ੩੪੩ |
| 'ਵਾਰ ਸਤ' (ਰਾਗ ਬਿਲਾਵਲ) | ਸ੍ਰੀ ਅਮਰਦਾਸ ਜੀ | ਪਾਵਨ ਅੰਗ ੮੪੧ |
| 'ਦਿਨ ਰੈਣਿ' (ਰਾਗ ਮਾਂਝ) | ਸ੍ਰੀ ਗੁਰੂ ਅਰਜਨ ਦੇਵ ਜੀ | ਪਾਵਨ ਅੰਗ ੧੩੬ |
| 'ਪਹਰੇ' (ਸ੍ਰੀ ਰਾਗ) | ਸ੍ਰੀ ਗੁਰੂ ਨਾਨਕ ਦੇਵ ਜੀ<br>ਸ੍ਰੀ ਗੁਰੂ ਰਾਮ ਦਾਸ ਜੀ<br>ਸ੍ਰੀ ਗੁਰੂ ਅਰਜਨ ਦੇਵ ਜੀ | ਪਾਵਨ ਅੰਗ ੭੫ |
| 'ਬਾਵਨ ਅੱਖਰੀ' (ਰਾਗ ਗਉੜੀ) | ਸ੍ਰੀ ਗੁਰੂ ਅਰਜਨ ਦੇਵ ਜੀ | ਪਾਵਨ ਅੰਗ ੨੫੦ |
| ਬਾਵਨ ਅੱਖਰੀ (ਰਾਗ ਗਉੜੀ) | ਭਗਤ ਕਬੀਰ ਜੀ | ਪਾਵਨ ਅੰਗ ੩੪੦ |
| 'ਪਟੀ' (ਰਾਗ ਆਸਾ ) | ਸ੍ਰੀ ਗੁਰੂ ਨਾਨਕ ਦੇਵ ਜੀ | ਪਾਵਨ ਅੰਗ ੪੩੨ |
| 'ਪਟੀ' (ਰਾਗ ਆਸਾ ) | ਸ੍ਰੀ ਗੁਰੂ ਅਮਰਦਾਸ ਜੀ | ਪਾਵਨ ਅੰਗ ੪੩੪ |

| | | |
|---|---|---|
| 'ਸੁਚਜੀ'(ਰਾਗ ਸੂਹੀ) | ਸ੍ਰੀ ਗੁਰੂ ਨਾਨਕ ਦੇਵ ਜੀ | ਪਾਵਨ ਅੰਗ ੭੬੨ |
| 'ਕੁਚਜੀ' (ਰਾਗ ਸੂਹੀ) | ਸ੍ਰੀ ਗੁਰੂ ਨਾਨਕ ਦੇਵ ਜੀ | ਪਾਵਨ ਅੰਗ ੭੬੨ |
| 'ਗੁਣਵੰਤੀ' (ਰਾਗ ਸੂਹੀ) | ਸ੍ਰੀ ਗੁਰੂ ਨਾਨਕ ਦੇਵ ਜੀ | ਪਾਵਨ ਅੰਗ ੭੬੩ |
| 'ਸੁਖਮਨੀ ' (ਰਾਗ ਗਉੜੀ) | ਸ੍ਰੀ ਗੁਰੂ ਅਰਜਨ ਦੇਵ ਜੀ | ਪਾਵਨ ਅੰਗ ੨੬੨ |
| 'ਘੋੜੀਆਂ' (ਰਾਗ ਵਡਹੰਸ ) | ਸ੍ਰੀ ਗੁਰੂ ਰਾਮ ਦਾਸ ਜੀ | ਪਾਵਨ ਅੰਗ ੫੭੫ |
| 'ਅਲਾਹਣੀਆਂ' (ਰਾਗ ਵਡਹੰਸ ) | ਸ੍ਰੀ ਗੁਰੂ ਨਾਨਕ ਦੇਵ ਜੀ | |
| | ਸ੍ਰੀ ਗੁਰੂ ਅਮਰਦਾਸ ਜੀ | ਪਾਵਨ ਅੰਗ ੫੭੯ |
| 'ਲਾਵਾਂ' (ਰਾਗ ਸੂਹੀ) | ਸ੍ਰੀ ਗੁਰੂ ਰਾਮ ਦਾਸ ਜੀ | ਪਾਵਨ ਅੰਗ ੭੭੩ |
| 'ਅਨੰਦੁ'(ਰਾਗ ਰਾਮਕਲੀ) | ਸ੍ਰੀ ਅਮਰਦਾਸ ਜੀ | ਪਾਵਨ ਅੰਗ ੯੧੭ |
| 'ਸਦੁ '(ਰਾਗ ਰਾਮਕਲੀ) | ਸਿੱਖ ਬਾਬਾ ਸੁੰਦਰ ਜੀ | ਪਾਵਨ ਅੰਗ ੯੨੩ |
| 'ਕਰਹਲੇ ' (ਰਾਗ ਗਾਉੜੀ) | ਸ੍ਰੀ ਗੁਰੂ ਰਾਮ ਦਾਸ ਜੀ | ਪਾਵਨ ਅੰਗ ੨੩੪ |
| 'ਓਅੰਕਾਰ' (ਰਾਗ ਰਾਮਕਲੀ) | ਸ੍ਰੀ ਗੁਰੂ ਨਾਨਕ ਦੇਵ ਜੀ | ਪਾਵਨ ਅੰਗ ੯੨੯ |
| 'ਸਿੱਧ ਗੋਸਿਟ' (ਰਾਗ ਰਾਮਕਲੀ) | ਸ੍ਰੀ ਗੁਰੂ ਨਾਨਕ ਦੇਵ ਜੀ | ਪਾਵਨ ਅੰਗ ੯੩੮ |

★ 'ਸਹਸ ਕ੍ਰਿਤੀ ਸਲੋਕ' ਬਾਣੀ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ 1353 ਅੰਗ ਤੋਂ ਅਰੰਭ ਹੁੰਦੀ ਹੈ ਜਿਸ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਰਜ਼ ਹੈ ।

★ 'ਗਾਥਾ' ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ 1360 ਅੰਗ ਤੇ ਦਰਜ਼ ਹੈ

★ 'ਫੁਨਹੇ' ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ 1361 ਅੰਗ ਤੇ ਦਰਜ਼ ਹੈ

★ 'ਚਉਬੋਲੇ' ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ 1363 ਅੰਗ ਤੇ ਦਰਜ਼ ਹੈ

★ 'ਸਲੋਕ ਭਗਤ ਕਬੀਰ ਜੀ ' ਬਾਣੀ 1364 ਅੰਗ ਤੋਂ ਅਰੰਭ ਹੁੰਦੀ ਹੈ

★ 'ਸਲੋਕ ਭਗਤ ਫਰੀਦ ਜੀ ' ਬਾਣੀ 1377 ਅੰਗ ਤੋਂ ਅਰੰਭ ਹੁੰਦੀ ਹੈ

★ 'ਸਵਯੇ ਮੁਖਬਾਕ੍ਹ ਮਹਲਾ ੫' ਬਾਣੀ 1385 ਅੰਗ ਤੋਂ ਅਰੰਭ ਹੁੰਦੀ ਹੈ ।

★ 'ਸਲੋਕ ਵਾਰਾਂ ਤੇ ਵਧੀਕ' ਬਾਣੀ 1410 ਅੰਗ ਤੋਂ ਅਰੰਭ ਹੁੰਦੀ ਹੈ ।

★ ਮਹਲਾ ਨੌਵਾ ਦੇ ਸਲੋਕ ਜਾਂ ਭੋਗ ਦੇ ਸਲੋਕ 1426 ਅੰਗ ਤੋਂ ਅਰੰਭ ਹੁੰਦੇ ਹਨ ।

★ ਮੁੰਦਾਵਣੀ ਮਹਲਾ ੫ ॥ ' ਸਿਰਲੇਖ ਹੇਠ ਬਾਣੀ 1429 ਤੇ ਦਰਜ਼ ਹੈ।

★ 'ਰਾਗ ਮਾਲਾ ' ਸਿਰਲੇਖ ਹੇਠ ਬਾਣੀ 1429 ਅੰਗ ਤੋਂ 1430 ਅੰਗ ਤੱਕ ਦਰਜ਼ ਹੈ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 22 ਵਾਰਾਂ ਦਰਜ ਹਨ ਗੁਰੂ ਸਾਹਿਬਾਨ ਦੀਆਂ 21 ਵਾਰਾਂ ਹਨ ਤੇ ਇੱਕ ਵਾਰ ਸਿੱਖਾਂ ਦੀ ਹੈ ।

1) ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ 3 ਵਾਰਾਂ 2) ਸ੍ਰੀ ਗੁਰੂ ਅਮਰਦਾਸ ਜੀ ਦੀਆਂ 4 ਵਾਰਾਂ

3) ਸ੍ਰੀ ਗੁਰੂ ਰਾਮਦਾਸ ਜੀ ਦੀਆਂ 8 ਵਾਰਾਂ 4) ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ 6 ਵਾਰਾਂ

5) ਰਾਇ ਬਲਵੰਡ ਜੀ ਤੇ 7 ਜੀ ਦੀ ਵਾਰ

ਜਿਹਨਾਂ ਵਿਚੋਂ 9 ਵਾਰਾਂ ਤੇ ਧੁਨੀਆਂ ਚੜ੍ਹਾਈਆਂ ਗਈਆਂ ਹਨ ।

੧. ਮਾਝ ਕੀ ਵਾਰ (ਸ੍ਰੀ ਗੁਰੂ ਨਾਨਕ ਦੇਵ ਜੀ )
ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ

੨. ਗਉੜੀ ਕੀ ਵਾਰ (ਸ੍ਰੀ ਗੁਰੂ ਅਰਜਨ ਦੇਵ ਜੀ)
ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ

੩. ਆਸਾ ਕੀ ਵਾਰ (ਸ੍ਰੀ ਗੁਰੂ ਨਾਨਕ ਦੇਵ ਜੀ ) ਟੁੰਡੇ ਅਸ ਰਾਜੈ ਕੀ ਧੁਨੀ

੪. ਗੂਜਰੀ ਕੀ ਵਾਰ (ਸ੍ਰੀ ਗੁਰੂ ਅਮਰਦਾਸ ਜੀ) ਸਿਕੰਦਰ ਬਿਰਾਹਿਮ ਕੀ ਧੁਨੀ

੫. ਵਡਹੰਸ ਕੀ ਵਾਰ (ਸ੍ਰੀ ਗੁਰੂ ਰਾਮਦਾਸ ਜੀ) ਲਲਾਂ ਬਹਲੀਮਾ ਕੀ ਧੁਨੀ

੬. ਰਾਮਕਲੀ ਕੀ ਵਾਰ (ਸ੍ਰੀ ਗੁਰੂ ਅਮਰਦਾਸ ਜੀ) ਜੋਧੈ ਵੀਰੈ ਪੂਰਬਾਣੀ ਕੀ ਧੁਨੀ

੭. ਸਾਰੰਗ ਕੀ ਵਾਰ (ਸ੍ਰੀ ਗੁਰੂ ਰਾਮਦਾਸ ਜੀ) ਰਾਇ ਮਹਮੇ ਹਸਨੇ ਕੀ ਧੁਨਿ

੮. ਮਲਾਰ ਕੀ ਵਾਰ (ਸ੍ਰੀ ਗੁਰੂ ਨਾਨਕ ਦੇਵ ਜੀ) ਰਾਣੇ ਮਲਾਰ ਤਥਾ ਮਾਲਦੇ ਕੀ ਧੁਨਿ

੯. ਕਾਨੜੇ ਕੀ ਵਾਰ (ਸ੍ਰੀ ਗੁਰੂ ਰਾਮਦਾਸ ਜੀ) ਮੂਸੇ ਕੀ ਵਾਰ ਕੀ ਧੁਨੀ

★ ਸ੍ਰੀ ਗੁਰੂ ਰਾਮ ਦਾਸ ਜੀ ਦੀ ਸਾਰੰਗ ਕੀ ਵਾਰ (1237 ) ਵਿੱਚ ਸਭ ਤੋਂ ਵੱਧ ੩੬ ਪਉੜੀਆਂ ਹਨ।

★ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਸੰਤ ਕੀ ਵਾਰ ਵਿੱਚ ਸਭ ਤੋਂ ਘੱਟ ੩ ਪਉੜੀਆਂ ਹਨ।

★ ਦੋ ਵਾਰਾਂ ਰਾਮਕਲੀ ਕੀ ਵਾਰ (੯੬੬)ਅਤੇ ਬਸੰਤ ਕੀ ਵਾਰ (1193) ਬਿਨਾਂ ਸਲੋਕਾ ਤੋਂ ਹਨ।

## ਭੱਟਾ ਦੇ ਸਵਯੇ

'ਭੱਟਾ ਦੇ ਸਵਯੇ' ਬਾਣੀ 1389 ਅੰਗ ਤੋਂ ਅਰੰਭ ਹੁੰਦੀ ਹੈ।

'ਭੱਟਾ ਦੇ ਸਵਯੇ' ਦੇ ਸਿਰਲੇਖ ਹੇਠ 123 ਸਵਈਏ ਦਰਜ਼ ਹਨ ।

'ਸਵਈਏ ਮਹਲੇ ਪਹਿਲੇ ਕੇ 'ਸਿਰਲੇਖ ਹੇਠ 10 ਸਵਈਏ।

'ਸਵਈਏ ਮਹਲੇ ਦੂਜੇ ਕੇ 'ਸਿਰਲੇਖ ਹੇਠ 10 ਸਵਈਏ

'ਸਵਈਏ ਮਹਲੇ ਤੀਜੇ ਕੇ 'ਸਿਰਲੇਖ ਹੇਠ 22 ਸਵਈਏ।

'ਸਵਈਏ ਮਹਲੇ ਚਉਥੇ ਕੇ 'ਸਿਰਲੇਖ ਹੇਠ 60 ਸਵਈਏ

'ਸਵਈਏ ਮਹਲੇ ਪੰਜਵੇ ਕੇ 'ਸਿਰਲੇਖ ਹੇਠ 21 ਸਵਈਏ

**ਬੇਨਤੀ : ਆਉ ਆਪਾਂ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ ਤੇ ਆਪਣਾ ਜੀਵਨ ਸਫਲਾ ਕਰੀਏ।**

# ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੇ ਉਦੇਸ਼ ਤੇ ਲਕਸ਼ ਦੀ ਪ੍ਰਾਪਤੀ ਲਈ ਆਰੰਭੇ ਗਏ ਪ੍ਰਾਜੈਕਟ

1. **ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ :-**

   **ਗੁਰਮਤਿ ਪ੍ਰਚਾਰਕ ਕੋਰਸ :-** 10+2 ਪਾਸ ਬਚਿਆਂ ਨੂੰ ਸਵਾ ਤਿੰਨ ਸਾਲ ਦੇ ਗੁਰਮਤਿ ਕੋਰਸ ਰਾਹੀਂ ਉਚ ਪੱਧਰ ਦੇ ਪ੍ਰਚਾਰਕ / ਮਿਸ਼ਨਰੀ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

   **ਐਜੂਕੇਸ਼ਨ ਡਿਵੈਲਪਮੈਂਟ ਕੋਰਸ :-** ਉਪਰੋਕਤ ਕੋਰਸ ਦੇ ਵਿਦਿਆਰਥੀਆਂ ਨੂੰ ਪੰਜਾਬੀ ਯੂਨੀਵਰਿਸਿਟੀ ਪਟਿਆਲਾ ਤੋਂ B.A. ਦੀ ਪੜਾਈ ਵੀ ਕਰਵਾਈ ਜਾ ਰਹੀ ਹੈ । ਇਹ ਸੇਵਾਵਾਂ ਸੰਗਤਾਂ ਦੇ ਸਹਿਯੋਗ ਨਾਲ ਬਿਲਕੁਲ ਮੁਫਤ ਨਿਭਾਈਆਂ ਜਾ ਰਹੀਆਂ ਹਨ।

2. **ਗੁਰਮਤਿ ਸਮਾਗਮ :-** ਹਰ ਸਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਤੋਂ ਗੁਰਗੱਦੀ ਨਸ਼ੀਨੀ ਪੁਰਬ ਤੱਕ ਅਤੇ ਖਾਲਸੇ ਦੇ ਜਨਮ ਦਿਵਸ ਵਿਸਾਖੀ ਤੇ ਗੁਰਮਤਿ ਸਮਾਗਮਾਂ ਦੀਆਂ ਲੜੀਆਂ ਦਾ ਆਯੋਜਨ ਕੀਤਾ ਜਾਂਦਾ ਹੈ। ਸਮਾਗਮ ਨੁਕਤਾਬੱਧ ਤਰੀਕੇ ਨਾਲ, ਇੱਕ ਦਿਨ ਕੇਵਲ ਇੱਕ ਹੀ ਵਿਸ਼ੇ ਤੇ ਕੀਰਤਨ ਅਤੇ ਗੁਰਮਤਿ ਵਿਚਾਰਾਂ ਹੁੰਦੀਆਂ ਹਨ।

3. **ਨੁਕਤਾ ਬੱਧ ਲਿਟਰੇਚਰ ਦੀ ਛਪਾਈ :-** ਨੁਕਤਾਬੱਧ ਤਰੀਕੇ ਨਾਲ ਲਿਟਰੇਚਰ ਛਾਪ ਕੇ ਭੇਟਾ ਰਹਿਤ ਸੰਗਤਾਂ ਵਿਚ ਵੰਡੇ ਜਾਂਦੇ ਹਨ। ਹੁਣ ਤੱਕ 50 ਵਿਸ਼ਿਆਂ ਦੇ ਟ੍ਰੈਕਟ ਛਪ ਚੁੱਕੇ ਹਨ।

4. **ਪਾਠ ਬੋਧ ਸਮਾਗਮ :-** ਗੁਰਬਾਣੀ ਨੂੰ ਸ਼ੁੱਧ ਪੜ੍ਹਨ ਅਤੇ ਸਮਝਣ ਲਈ ਸਮੇਂ-ਸਮੇਂ ਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਸਹਿਯੋਗ ਨਾਲ ਪਾਠ ਬੋਧ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ । ਸੰਗਤਾ ਬਹੁਤ ਉਤਸ਼ਾਹ ਦਿਖਾ ਰਹੀਆਂ ਹਨ ।

5. **ਗੁਰਮਤਿ ਪ੍ਰਸਾਰ ਭਵਨ :-** ਇਸ ਭਵਨ ਵਿਚ ਸੋਸਾਇਟੀ ਦੇ ਕਾਰਜਕਾਰੀ ਦਫਤਰ ਤੋਂ ਛੁੱਟ ਗੁਰਦੁਆਰਾ ਸਾਹਿਬ, ਟ੍ਰੇਨਿੰਗ ਇਨਸਟੀਚਿਊਟ, ਮੈਡੀਕਲ ਸੈਂਟਰ, ਲਾਇਬ੍ਰੇਰੀ ਆਦਿ ਹਨ। ਸਮੇਂ-ਸਮੇਂ ਤੇ ਇਸ ਭਵਨ ਦਾ ਵਿਸਥਾਰ ਕੀਤਾ ਜਾ ਰਿਹਾ ਹੈ ।

6. **ਮੈਡੀਕਲ ਸੇਵਾ ਸੈਂਟਰ :-** ਇਕ ਉੱਚ ਪੱਧਰੀ ਮੈਡੀਕਲ ਸੇਵਾ ਸੈਂਟਰ ਚਲ ਰਿਹਾ ਹੈ ਜਿਸ ਵਿਚ ਜਨਰਲ OPD ਦੇ ਨਾਲ ਅੱਖਾਂ ਦੇ ਇਲਾਜ, ਦਿਲ ਦਿਮਾਗ ਦੀਆਂ ਬੀਮਾਰੀਆਂ, ਨੱਕ, ਕੰਨ, ਗਲੇ ਦੀ ਬੀਮਾਰੀਆਂ ਦੇ ਇਲਾਜ, ਦੰਦਾ ਅਤੇ ਜਨਾਨਾਂ ਬੀਮਾਰੀਆਂ ਦੇ ਇਲਾਜ ਦਾ ਪ੍ਰਬੰਧ ਹੈ। ਇਸ ਤੋਂ ਇਲਾਵਾ ਹੋਮਿਓਪੈਥਿਕ ਯੂਨਿਟ ਵੀ ਚਲ ਰਹੀ ਹੈ। ਸੇਵਾਵਾਂ ਮੁਫਤ ਦਿੱਤੀਆਂ ਜਾ ਰਹੀਆਂ ਹਨ ਅਤੇ ਦਵਾਈਆਂ ਬਹੁਤ ਘੱਟ ਕੀਮਤ ਤੇ ਦਿੱਤੀਆਂ ਜਾਦੀਆਂ ਹਨ ।ਸਮੇਂ ਸਮੇਂ ਤੇ ਮੈਡੀਕਲ ਕੈਂਪ ਵੀ ਲਗਾਏ ਜਾਦੇਂ ਹਨ ।

   ਕਲਿਨੀਕਲ ਲੈਬ:- ਲੈਬ ਟੈਸਟ ਰਿਆਇਤੀ ਦਰਾਂ ਤੇ ਕੰਪਿਊਟਰ/ਸਪੈਸ਼ਲ ਮਸ਼ੀਨਾਂ ਤੇ ਕੀਤੇ ਜਾਂਦੇ ਹਨ ।ਸਾਰੀਆਂ ਰਿਪੋਰਟਾਂ ਕੰਪਿਊਟਰ ਤੇ ਤਿਆਰ ਕੀਤੀਆਂ ਜਾਂਦੀਆਂ ਹਨ ।

7. **ਲਾਇਬ੍ਰੇਰੀ ਦੀ ਸਥਾਪਨਾ :-** ਇੱਕ ਉੱਚ ਪੱਧਰੀ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਗਈ ਹੈ।

8. **ਗੁਰਦੁਆਰਾ ਸਾਹਿਬ :-** ਸਮੇਂ-ਸਮੇਂ ਤੇ ਵਿਸ਼ੇਸ਼ ਪ੍ਰੋਗ੍ਰਾਮ ਆਯੋਜਿਤ ਕੀਤੇ ਜਾਦੇਂ ਹਨ ਜਿਨ੍ਹਾਂ ਵਿੱਚ ਪਾਠ ਬੋਧ ਸਮਾਗਮ ਵਿਸ਼ੇਸ਼ ਹੈ। ਉਪਰੋਕਤ ਸੇਵਾਵਾਂ ਦਾ ਸੰਗਤਾ ਭਰਵਾਂ ਲਾਭ ਉਠਾ ਰਹੀਆਂ ਹਨ । ਗਰਮੀਆਂ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਨੂੰ ਗੁਰਮਤਿ ਸਿਖਲਾਈ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਂਦਾ ਹੈ ।

9. **ਸਮਾਜਕ ਭਲਾਈ ਪ੍ਰੋਗ੍ਰਾਮ :-** ਗਰੀਬ/ਲੋੜਵੰਦ ਬੱਚਿਆਂ ਦੀ ਸਕੂਲ ਦੀ ਫੀਸ ਅਤੇ ਕਿਤਾਬਾਂ ਦੀ ਸੇਵਾ ਕੀਤੀ ਜਾਂਦੀ ਹੈ ।

**ਬੇਨਤੀ**

**ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।**